ਮਹੱਤਵਪੂਰਣ ਤਬਦੀਲੀਆਂ
ਕਾਰ ਦੀ ਸੀਟ ਦੇ ਸੁਰੱਖਿਆ ਸੰਬੰਧੀ ਕਾਨੂੰਨ

8 ਸਾਲ ਤੋਂ ਘੱਟ ਉਮਰ ਦੇ ਬੱਚੇ ਇੱਕ ਕਾਰ ਸੀਟ ਵਿੱਚ ਠੀਕ ਤਰੀਕੇ ਨਾਲ ਬਕਲ ਲਾਉਣਾ ਜਾਂ ਪਿੱਛੇ ਦੀ ਸੀਟ ਵਿੱਚ ਬੂਸਟਰ ਲਾਉਣਾ ਲਾਜ਼ਮੀ ਹੈ।

8 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਬੱਚੇ ਗੱਡੀ ਦੀ ਸੀਟ ਬੈਲਟ ਦੀ ਵਰਤੋਂ ਕਰ ਸਕਦੇ ਹਨ ਜੇ ਉਹ ਲੱਕ ਦੇ ਹੇਠਾਂ ਬੰਨ੍ਹੀ ਲੈਪ ਬੈਲਟ, ਜੋ ਉੱਤਲੇ ਪੱਟ ਨੂੰ ਛੂਹ ਰਹੀ ਹੋਵੇ, ਨਾਲ ਠੀਕ ਤਰੀਕੇ ਨਾਲ ਫਿਟ ਬੈਠਦੀ ਹੋਵੇ ਅਤੇ ਮੋਢੇ ਦੀ ਬੈਲਟ ਛਾਤੀ ਦੇ ਵਿੱਚਕਾਰਲੀ ਥਾਂ ਤੋਂ ਲੰਘ ਰਹੀ ਹੋਵੇ। ਜੇ ਬੱਚੇ ਇੰਨ੍ਹੇ ਲੰਮੇ ਨਹੀਂ ਹਨ ਕਿ ਬੈਲਟ ਠੀਕ ਤਰੀਕੇ ਨਾਲ ਫਿਟ ਹੁੰਦੀ ਹੋਵੇ ਤਾਂ ਉਨ੍ਹਾਂ ਦਾ ਬੂਸਟਰ ਜਾਂ ਕਾਰ ਸੀਟ ਵਿੱਚ ਸਫ਼ਰ ਕਰਨਾ ਲਾਜ਼ਮੀ ਹੈ।

ਸੀਟ ਬੈਲਟ ਬੂਸਟਰ ਸੀਟ ਨਾਲ ਫਿਟ ਬੈਠਦੀ ਹੈ

ਕਾਰ ਵਿੱਚ ਬੈਠੇ ਹਰ ਵਿਅਕਤੀ ਦਾ ਸਹੀ ਢੰਗ ਨਾਲ ਬੱਕਲ ਲੱਗਿਆ ਹੋਇਆ ਹੋਣਾ ਲਾਜ਼ਮੀ ਹੈ। ਹਰੇਕ ਬੱਚਾ ਜੋ **16** ਸਾਲਾਂ ਤੋਂ ਘੱਟ ਹੈ ਜੋ ਕਿ ਸਹੀ ਢੰਗ ਨਾਲ ਮਹਿਫ਼ੂਜ਼ ਨਹੀਂ ਹੈ, ਤਾਂ ਉਸਦੇ ਮਾ-ਪਿਉ (ਜੇ ਕਾਰ ਵਿੱਚ ਹੋਣ) ਜਾਂ ਡਰਾਈਵਰਾਂ ਨੂੰ **475** ਡਾਲਰਾਂ ਤੋਂ ਵੱਧ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ ਅਤੇ ਉਨਾਂ ਦੇ ਡਰਾਈਵਿੰਗ ਰਿਕਾਰਡ ਤੇ ਪੁਆਇੰਟ ਮਿਲ ਸਕਦਾ ਹੈ।

*ਧਿਆਨ ਦਿਓ: ਬਿਨਾਂ ਪਿੱਠ ਵਾਲੀਆਂ ਬੂਸਟਰ ਸੀਟਾਂ ਦੀ ਕੀਮਤ **15** ਡਾਲਰਾਂ ਜਿੰਨੀ ਘੱਟ ਹੈ; ਉੱਚੀ ਪਿੱਠ ਵਾਲੀਆਂ ਬੂਸਟਰ ਸੀਟਾਂ ਦੀ ਲਾਗਤ **20** ਡਾਲਰ ਤੋਂ **150** ਡਾਲਰ ਹੈ।*

ਆਪਣੇ ਬੱਚਿਆਂ ਨੂੰ ਸੁਰੱਖਿਅਤ ਰੱਖੋ। ਇਹ ਕਾਨੂੰਨ ਹੈ!

ਤੁਹਾਡੇ ਬੱਚੇ ਦੀ ਸੁਰੱਖਿਆ ਸੀਟ ਬਾਰੇ ਸੁਆਲਾਂ ਦੇ ਜਵਾਬਾਂ ਲਈ ਆਪਣੇ ਸਥਾਨਕ ਹੈਲਥ ਵਿਭਾਗ ਨੂੰ ਸੰਪਰਕ ਕਰੋ ਜਾਂ cdph.ca.gov/vosp ਤੇ ਜਾਓ।